# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਵੱਲ

ਸਬੰਧਤ ਸਕੂਲ ਮੁਖੀ
ਜਿਲ੍ਹਾ ਬਠਿੰਡਾ
ਪੱਤਰ ਨੰ: ਜੀ-1/1 ( )2024 / 10177 ਮਿਤੀ ਬਠਿੰਡਾ 24/09/24

ਵਿਸ਼ਾ:- ਬਿਜਨਸ ਬਲਾਸਟਰ ਅਧੀਨ ਸੀਡ ਮਨੀ ਵੰਡਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਬਿਜਨਸ ਬਲਾਸਟਰ ਸਾਲ 2023-24 ਅਧੀਨ ਰਜਿਸਟਰਡ ਵਿਦਿਆਰਥੀਆਂ ਨੂੰ ਸੀਡ ਮਨੀ ਦਿੱਤੀ ਜਾਣੀ ਹੈ। ਜਿਸ ਦੇ ਸਬੰਧ ਵਿਚ ਹੇਠ ਲਿਖੇ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ :-

1) ਵਿਭਾਗ ਵਲੋਂ ਜਾਰੀ ਹੋਈ ਲਿਸਟ ਅਨੁਸਾਰ 15 ਤੋਂ 20 ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸੀਡ ਮਨੀ ਦਿੱਤੀ ਜਾਣੀ ਹੈ। ਇਸ ਪੱਤਰ ਨਾਲ ਸੀਡ ਮਨੀ ਦੇਣ ਵਾਲੇ ਵਿਦਿਆਰਥੀਆਂ ਦੀ ਸੂਚੀ ਭੇਜੀ ਜਾ ਰਹੀ ਹੈ।ਇਹਨਾਂ ਵਿਦਿਆਰਥੀਆਂ ਦੀ ਵੈਰੀਫਿਕੇਸ਼ਨ ਆਪ ਜੀ ਵਲੋਂ ਪਹਿਲਾਂ ਕੀਤੀ ਜਾ ਚੁੱਕੀ ਹੈ।

2) ਇਸ ਸਾਲ ਜੋ ਵਿਦਿਆਰਥੀ 12 ਵੀਂ ਜਮਾਤ ਵਿਚ ਪੜਾਈ ਕਰ ਰਹੇ ਹਨ, ਉਹਨਾਂ ਨੂੰ ਹੀ ਸੀਡ ਮਨੀ ਦਿੱਤੀ ਜਾਣੀ ਹੈ। ਜੋ ਵਿਦਿਆਰਥੀ ਲਿਸਟ ਵਿੱਚ ਹਾਈ ਲਾਈਟ ਕੀਤੇ ਗਏ ਹਨ ਉਨਾਂ ਨੂੰ ਸੀਡ ਮਨੀ ਨਹੀਂ ਦਿੱਤੀ ਜਾਣੀ। ਇਹ ਸੀਡ ਮਨੀ ਕੇਵਲ ਵਿਦਿਆਥੀਆਂ ਦੇ ਖਾਤੇ ਵਿਚ ਹੀ ਜਮਾ ਕਰਵਾਈ ਜਾਵੇ।

3) ਇਸ ਦਫਤਰ ਵਲੋਂ ਨੱਥੀ ਲਿਸਟ ਅਨੁਸਾਰ ਸਕੂਲ ਵਾਈਜ ਬਣਦੀ ਸੀਡ ਮਨੀ ਦੀ ਰਕਮ ਸਕੂਲ ਦੇ ਅਮਲਗਾਮੇਟਿਡ ਖਾਤੇ ਵਿਚ ਮਿਤੀ : 24/09/2024 ਨੂੰ ਟਰਾਂਸਫਰ ਕਰ ਦਿੱਤੀ ਗਈ ਹੈ ।

* ਬਿਜਨਸ ਬਲਾਸਟਰ ਅਧੀਨ ਸੀਡ ਮਨੀ ਸਕੂਲ ਖਾਤਿਆਂ ਵਿਚ ਟਰਾਂਸਫਰ ਹੋਣ ਤੇ ਇਸ ਦਫਤਰ ਦੇ ਬਣੇ **BB Bathinda** ਦੇ ਗਰੁੱਪ ਵਿਚ ਤੁਰੰਤ ਸੂਚਿਤ ਕੀਤਾ ਜਾਵੇ । ਜੇਕਰ ਕਿਸੇ ਸਕੂਲ ਨੂੰ ਸੀਡ ਮਨੀ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਸਬੰਧਤ ਬਲਾਕ ਕੌਂਸਲਰ/ਬਲਾਕ ਨੋਡਲ (ਬਿਜਨਸ ਬਲਾਸਟਰ) ਨਾਲ ਸੰਪਰਕ ਕੀਤਾ ਜਾਵੇ ।

4) ਸੀਡ ਮਨੀ ਆਪ ਜੀ ਵੱਲੋਂ ਤਸਦੀਕ ਕੀਤੇ ਗਏ ਖਾਤਿਆ ਵਿਚ ਹੀ ਟ੍ਰਾਂਸਫਰ ਹੋਈ ਹੈ । ਬਿਜਨਸ ਬਲਾਸਟਰ ਅਧੀਨ ਸੀਡ ਮਨੀ ਵਿਦਿਆਰਥੀਆਂ ਦੇ ਖਾਤਿਆਂ ਵਿਚ ਤੁਰੰਤ ਭਾਵ ਅੱਜ **ਮਿਤੀ :25/09/24 ਨੂੰ** ਸਕੂਲ ਛੱਡਣ ਤੋਂ ਪਹਿਲਾ ਟਰਾਂਸਫਰ ਕਰ ਦਿੱਤੀ ਜਾਵੇ । ਇਸ ਤੋਂ ਇਲਾਵਾ ਸਟੇਟ ਵੱਲੋਂ ਭੇਜੇ ਗਏ ਗੂਗਲ ਫਾਰਮ ਨੂੰ ਭਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ।

24/9/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ